# ਪਬਲਿਕ ਨੋਟਿਸ

1. ਸਿੱਖਿਆ ਵਿਭਾਗ ਸਕੂਲਜ਼, ਪੰਜਾਬ ਦੇ ਮੁੱਖ ਦਫ਼ਤਰ ਅਤੇ ਖੇਤਰੀ ਦਫ਼ਤਰਾਂ ਵਿੱਚ ਕੰਮ ਕਰਦੇ ਨਾਨ-ਟੀਚਿੰਗ ਕਾਡਰ ਦੇ ਕਰਮਚਾਰੀਆਂ ਦੀਆਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਕਰਕੇ ਹੁਕਮ / ਮਿਤੀ 23.02.2024 ਵਿਭਾਗ ਦੀ ਵੈੱਬ ਸਾਈਟ ਤੇ ਅਪਲੋਡ ਕੀਤੇ ਗਏ ਸਨ।
2. ਇਹ ਪਦ-ਉੱਨਤੀਆਂ ਮਾਸਟਰ ਕਾਡਰ ਦੇ 6 ਵਿਸ਼ਿਆਂ , ਹਿੰਦੀ, ਅੰਗਰੇਜੀ, ਹਿਸਾਬ, ਸਾਇੰਸ, ਸੰਸਕ੍ਰਿਤ ਅਤੇ ਫਿਜੀਕਲ ਮਾਸਟਰ ਵਿੱਚ ਕੀਤੀਆਂ ਗਈਆਂ ਸਨ।
3. ਸਮਾਜਿਕ ਸਿੱਖਿਆ ਅਤੇ ਪੰਜਾਬੀ ਵਿਸ਼ਿਆਂ ਦੀਆਂ ਪਦ-ਉੱਨਤੀ ਕੋਟੇ ਦੀਆਂ ਖਾਲੀ ਆਸਾਮੀਆਂ ਉਪਲਬੱਧ ਨਾ ਹੋਣ ਕਾਰਨ ਇੰਨਾਂ ਦੋਵਾਂ ਵਿਸ਼ਿਆਂ ਦੀਆਂ ਪਦ-ਉੱਨਤੀਆਂ ਨਹੀਂ ਵਿਚਾਰੀਆਂ ਗਈਆਂ।
4. ਹੁਣ ਖੇਤਰੀ ਦਫ਼ਤਰਾਂ ਤੋਂ !% ਕੋਟੇ ਅਧੀਨ ਨਾਨ-ਟੀਚਿੰਗ ਕਾਡਰ ਤੋਂ ਬਤੌਰ ਐਸ.ਐਸ. ਮਾਸਟਰ ਅਤੇ ਪੰਜਾਬੀ ਮਾਸਟਰ ਪਦ-ਉੱਨਤ ਕਰਮਚਾਰੀਆਂ ਦੀ ਸੂਚਨਾਂ ਮੰਗੀ ਗਈ ਹੈ, ਤਾਂ ਜੋ ਐਸ.ਐਸ. ਅਤੇ ਪੰਜਾਬੀ ਵਿਸ਼ਿਆਂ ਦੀਆਂ 1% ਕੋਟੇ ਅਧੀਨ ਖਾਲੀ ਆਸਾਮੀਆਂ ਦੀ ਸਹੀ ਸਥਿਤੀ ਪਤਾ ਕੀਤੀ ਜਾ ਸਕੇ।
5. ਇਸ ਨੋਟਿਸ ਨਾਲ ਐਸ.ਐਸ. ਅਤੇ ਪੰਜਾਬੀ ਵਿਸ਼ਿਆਂ ਦੀ ਤਿਆਰ ਕੀਤੀ ਗਈ ਇੰਟਰਸੇ ਸੀਨੀਆਰਤਾ ਸੂਚੀ ਭੇਜਦਿਆਂ ਲਿਖਿਆ ਜਾਂਦਾ ਹੈ ਕਿ ਜੇਕਰ ਕਿਸੇ ਵੀ ਯੋਗ ਕਰਮਚਾਰੀ ਦਾ ਨਾ ਗਲਤ ਹੈ ਜਾਂ ਇਸ ਇੰਟਰਸੇ ਸੀਨੀਆਰਤਾ ਵਿੱਚ ਪੈਣ ਤੋਂ ਰਹਿ ਗਿਆ ਹੈ ਤਾਂ ਉਹ ਆਪਣਾ ਇਤਰਾਜ ਸਿੱਧੇ ਤੌਰ ਤੇ ਦਫ਼ਤਰ ਨਾਲ ਸੰਪਰਕ ਕਰਕੇ ਇਸ ਨੋਟਿਸ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-2 ਪੇਸ਼ ਕਰ ਸਕਦਾ ਹੈ।
6. ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਮਾਜਿਕ ਸਿੱਖਿਆ ਅਤੇ ਪੰਜਾਬੀ ਵਿਸ਼ਿਆਂ ਦੀਆਂ ਨਾਨ-ਟੀਚਿੰਗ ਤੋਂ ਮਾਸਟਰ ਕਾਡਰ ਵਿੱਚ ਪਦ-ਉੱਨਤੀਆਂ ਕੇਵਲ ਪਦ-ਉੱਨਤੀ ਕੋਟੇ ਦੀਆਂ ਖਾਲੀ ਆਸਾਮੀਆਂ ਉਪਲਬੱਧ ਹੋਣ ਦੀ ਸੂਰਤ ਵਿੱਚ ਹੀ ਵਿਚਾਰੀਆਂ ਜਾਣਗੀਆਂ।

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)